# ਨਿਊਜ਼ ਰਿਲੀਜ਼

# ਚਾਈਲਡ-ਕੇਅਰ ਪ੍ਰਦਾਨਕਰਤਿਆਂ ਨੂੰ ਵਾਅਦਾ ਕੀਤੀਆਂ ਗਈਆਂ ਪੇਮੈਂਟਾਂ ਅਦਾ ਕਰਨੀਆਂ

1 ਮਾਰਚ 2024  ਮੀਡੀਆ ਇੰਨਕੁਆਰੀਆਂ

## 2,300 ਤੋਂ ਵਧੇਰੇ ਚਾਈਲਡ-ਕੇਅਰ ਪ੍ਰਦਾਨਕਰਤਿਆਂ ਨੂੰ ਅਗਾਊਂ ਪੇਮੈਂਟਾਂ ਪ੍ਰਾਪਤ ਹੋਣਗੀਆਂ ਤਾਂ ਕਿ ਉਨ੍ਹਾਂ ਦੀ ਐਲਬਰਟਾ ਦੇ ਪਰਿਵਾਰਾਂ ਨੂੰ ਉਹ ਸੇਵਾਵਾਂ ਮੁਹੱਈਆ ਕਰਨੀਆਂ ਜਾਰੀ ਰੱਖਣ 'ਚ ਮਦਦ ਹੋ ਸਕੇ, ਜਿੰਨ੍ਹਾਂ ਉਪਰ ਇਹ ਪਰਿਵਾਰ ਨਿਰਭਰ ਹਨ।

ਐਲਬਰਟਾ ਦੇ ਚਾਈਲਡ-ਕੇਅਰ ਪ੍ਰਦਾਨਕਰਤਾ ਸੂਬੇ ਦੀ ਆਰਥਿਕਤਾ ਨੂੰ ਯਕੀਨੀ ਰੂਪ 'ਚ ਮਜ਼ਬੂਤ ਬਣਾਉਣ 'ਚ ਇਕ ਮਹੱਤਵਪੂਰਨ ਭਾਗ ਬਣਦੇ ਹਨ। ਚਾਈਲਡ-ਕੇਅਰ ਪ੍ਰਦਾਨਕਰਤਿਆਂ ਨੇ ਉਨ੍ਹਾਂ ਦੀਆਂ ਪੇਮੈਂਟਾਂ ਦੇ ਸਮਿਆਂ ਬਾਰੇ ਇਤਰਾਜ਼ਾਂ ਨੂੰ ਨਜਿੱਠਣ 'ਚ ਮਦਦ ਲਈ ਸਰਕਾਰ ਨੂੰ ਤਬਦੀਲੀਆਂ ਕਰਨ ਬਾਰੇ ਆਖਿਆ ਸੀ। ਉਸਦੇ ਜਵਾਬ 'ਚ, ਐਲਬਰਟਾ ਸਰਕਾਰ 84 ਮਿਲੀਅਨ ਡਾਲਰ ਦੀਆਂ ਅਗਾਊਂ ਪੇਮੈਂਟਾਂ ਅਦਾ ਕਰਨ ਲਈ ਤੇਜ਼ੀ ਨਾਲ  ਕਾਰਵਾਈ ਕਰ ਰਹੀ ਹੈ।

"ਐਲਬਰਟਾ ਦੇ ਪਰਿਵਾਰ ਉੱਚ-ਦਰਜ਼ੇ ਦੇ ਚਾਈਲਡ-ਕੇਅਰ 'ਤੇ ਨਿਰਭਰ ਕਰਦੇ ਹਨ, ਤਾਂ ਕਿ ਉਹ ਇਹ ਜਾਣਦਿਆਂ ਹੋਇਆ ਕੰਮ ਜਾਂ ਸਕੂਲ ਨੂੰ ਜਾ ਸਕਣ ਕਿ ਉਨ੍ਹਾਂ ਦੇ ਬੱਚੇ ਸੁਰੱਖਿਅਤ ਅਤੇ ਸੰਪੰਨ ਹਨ। ਫੰਡ ਅਗਾਊਂ ਮੁਹੱਈਆ ਕਰਵਾਉਣ ਦੁਆਰਾ, ਚਾਈਲਡ-ਕੇਅਰ ਪ੍ਰਦਾਨਕਰਤਾ ਉਸ ਉੱਪਰ ਧਿਆਨ ਕੇਂਦਰਿਤ ਕਰਨਾਂ ਜਾਰੀ ਰੱਖ ਸਕਦੇ ਹਨ ਜੋ ਉਹ ਉੱਤਮ ਰੂਪ 'ਚ ਕਰਦੇ ਹਨ: ਉੱਚ-ਦਰਜ਼ੇ ਦਾ ਚਾਈਲਡ-ਕੇਅਰ ਪ੍ਰਦਾਨ ਕਰਨਾਂ ਜਿਹੜਾ ਐਲਬਰਟਾ ਦੇ ਪਰਿਵਾਰਾਂ ਦੀਆਂ ਵਿਭਿੰਨ ਪ੍ਰਕਾਰ ਦੀਆਂ ਜ਼ਰੂਰਤਾਂ ਨੂੰ ਪੂਰਿਆਂ ਕਰਦਾ ਹੋਵੇ।"

*Matt Jones, ਮਿਨਿਸਟਰ ਆਫ ਜੌਬਜ਼, ਇਕੌਨਮੀ ਐਂਡ ਟਰੇਡ*

1 ਮਾਰਚ ਤੋਂ ਸ਼ੁਰੂ ਕਰਦਿਆਂ, ਚਾਈਲਡ-ਕੇਅਰ ਪ੍ਰਦਾਨਕਰਤਾ ਆਪਣੇ ਮਾਸਿਕ ਕਲੇਮ ਦਾ 80 ਪ੍ਰਤਿਸ਼ਤ ਹਰੇਕ ਮਹੀਨੇ ਦੇ ਸ਼ੁਰੂ 'ਚ ਪ੍ਰਾਪਤ ਕਰਿਆ ਕਰਨਗੇ, ਇਹ ਉਸ ਫੀਸ ਤੋਂ ਇਲਾਵਾ ਹੋਵੇਗਾ ਜਿਹੜੀ ਉਹ ਬੱਚਿਆਂ ਦੇ ਮਾਪਿਆਂ ਕੋਲੋਂ ਲੈਂਦੇ ਹਨ। ਮਾਸਿਕ ਕਲੇਮ ਅਗਾਊਂ ਦੇਣ ਦੀ ਇਹ ਤਬਦੀਲੀ ਸਰਕਾਰ ਨੂੰ ਪੇਮੈਂਟ ਦੀ ਨਵੀਂ ਪਹੁੰਚ ਬਣਾਉਣ ਦੀ ਆਪਣੀ ਪ੍ਰਤਿਬਧਤਾ ਪੂਰੀ ਕਰਨ 'ਚ ਮਦਦ ਕਰੇਗੀ, ਜਿਹੜੀ ਇਹ ਯਕੀਨੀ ਬਣਾਵੇਗੀ ਕਿ ਚਾਈਲਡ-ਕੇਅਰ ਪ੍ਰਦਾਨਕਰਤਾ ਆਪਣੀਆਂ ਗਰਾਂਟ ਪੇਮੈਂਟਾਂ ਪਹਿਲਾਂ ਨਾਲੋਂ ਜਲਦੀ ਪ੍ਰਾਪਤ ਕਰਦੇ ਹਨ।

ਇਸ ਤੋਂ ਇਲਾਵਾ, ਫੰਡਾਂ ਦਾ ਬਹੁਤਾ ਹਿੱਸਾ ਅਗੇਤਿਆਂ ਮੁਹੱਈਆ ਕਰਨ ਦੁਆਰਾ, ਐਲਬਰਟਾ ਸਰਕਾਰ ਚਾਈਲਡ-ਕੇਅਰ ਪ੍ਰਦਾਨਕਰਤਿਆਂ ਉਪਰਲਾ ਵਿੱਤੀ ਬੋਝ ਘਟਾ ਰਹੀ, ਜਦੋਂ ਕਿ ਸਰਕਾਰ ਚਾਈਲਡ-ਕੇਅਰ ਸਿਸਟਮ 'ਚ ਪ੍ਰੀਵਰਤਨ ਲਿਆਉਣ ਲਈ ਅਗਾਂਹ ਤੁਰਨਾਂ ਜਾਰੀ ਰੱਖਦੀ ਹੈ।

"ਮਾਸਿਕ ਫੰਡਿੰਗ ਦੀ ਵਿਵਸਥਾ 'ਚ ਤੇਜ਼ੀ ਲਿਆਉਣ ਦੁਆਰਾ, ਐਲਬਰਟਾ ਪ੍ਰਦਾਨਕਰਤਿਆਂ ਦੇ ਇਤਰਾਜ਼ਾਂ ਦਾ ਹੱਲ ਕਰਦਾ ਹੈ, ਤਾਂ ਕਿ ਉਹ ਐਲਬਰਟਾ ਦੇ ਪਰਿਵਾਰਾਂ ਨੂੰ ਉੱਚ-ਕੁਆਲਿਟੀ ਦਾ, ਪੁੱਜਤਯੋਗ, ਲਚਕੀਲਾ ਅਤੇ ਸੰਮਿਲਨ ਵਾਲਾ ਚਾਈਲਡ-ਕੇਅਰ ਪ੍ਰਦਾਨ ਕਰਨ 'ਤੇ ਆਪਣਾ

ਧਿਆਨ ਕੇਂਦਰਿਤ ਕਰ ਸਕਣ। ਮੈਂ ਚਾਈਲਡ-ਕੇਅਰ ਪ੍ਰਦਾਨਕਰਤਿਆਂ ਦੀ ਸਹਾਇਤਾ ਕਰਨ ਦੇ ਐਲਬਰਟਾ ਦੇ ਯਤਨਾਂ ਨੂੰ ਮਾਨਤਾ ਦੇਣੀ ਚਾਹੁੰਦੀ ਹਾਂ ਅਤੇ ਕੈਨੇਡਾ ਭਰ ਵਿਚ ਇਕ ਮਜ਼ਬੂਤ ਅਤੇ ਵਧੇਰੇ ਅਨੁਕੂਲਤ ਮੁੱਢਲੀ ਸਿੱਖਿਆ ਅਤੇ ਚਾਈਲਡ-ਕੇਅਰ ਸਿਸਟਮ ਉਸਾਰਨ 'ਚ ਲਗਾਤਾਰ ਸਹਿਯੋਗ ਦੀ ਆਸ ਕਰਦੀ ਹਾਂ।"

*Jenna Sudds, ਫੈਡਰਲ ਮਿਨਿਸਟਰ ਆਫ ਫੈਮਿਲੀਜ਼, ਚਿਲਡਰਨ ਐਂਡ ਸੋਸ਼ਲ ਡਿਵੈਲਪਮੈਂਟ*

"ਨਵਾਂ ਅਗਾਊਂ ਕਲੇਮ ਦੇਣਾ ਇਕ ਸਵਾਗਤੀ ਤਬਦੀਲੀ ਹੈ ਕਿ ਚਾਈਲਡ-ਕੇਅਰ ਪ੍ਰਦਾਨਕਰਤਿਆਂ ਨੂੰ ਅਦਾਇਗੀ ਕਿਵੇਂ ਕੀਤੀ ਜਾਂਦੀ ਹੈ। ਚਾਲੂ ਮਹੀਨੇ ਦੇ ਸ਼ੁਰੂ ਦੇ ਕੁਝ ਦਿਨਾਂ 'ਚ ਪੇਮੈਂਟ ਦਾ ਮਿਲ ਜਾਣਾ, ਸਾਡੀਆਂ ਸੇਵਾਵਾਂ ਬਦਲੇ ਮਿਲਣ ਵਾਲੀਆਂ ਅਦਾਇਗੀਆਂ ਤੋਂ ਪਹਿਲਾਂ ਹੀ ਕੀਤੇ ਜਾਣ ਵਾਲੇ ਸਾਡੇ ਪੱਕੇ ਮਿਥੇ ਖਰਚਿਆਂ ਦੇ ਤਣਾਉ ਨੂੰ ਹਟਾ ਦਿੰਦਾ ਹੈ।"

*Sonia Grams, ਅਸਿਸਟੈਂਟ ਡਾਇਰੈਕਟਰ, ਚਾਈਲਡ ਡਿਵੈਲਪਮੈਂਟ ਡੇਅਹੋਮਜ਼*

ਜਦੋਂ ਸੂਬੇ ਦੇ ਚਾਈਲਡ-ਕੇਅਰ ਸਿਸਟਮ ਦਾ ਪ੍ਰੀਵਰਤਨ ਅਗਾਂਹ ਚੱਲਦਾ ਹੈ, ਉਸ ਦੌਰਾਨ ਐਲਬਰਟਾ ਦੀ ਸਰਕਾਰ ਮੁੱਢਲੀ ਸਿੱਖਿਆ ਅਤੇ ਚਾਈਲਡ-ਕੇਅਰ ਬਾਰੇ ਚਾਈਲਡ-ਕੇਅਰ ਪ੍ਰਦਾਨਕਰਤਿਆਂ, ਮਾਪਿਆਂ ਅਤੇ ਆਪਣੇ ਫੈਡਰਲ ਹਮਰੁਤਬਾ ਭਾਈਵਾਲਾਂ ਨਾਲ ਆਦਾਨ-ਪ੍ਰਦਾਨ ਜਾਰੀ ਰੱਖੇਗੀ। ਇਸ 'ਚ ਨਵੇਂ ਫੰਡਿੰਗ ਫਾਰਮੂਲੇ ਦੀ ਸ਼ੁਰੂਆਤ ਕਰਨਾਂ ਅਤੇ 2026 ਤੱਕ ਔਸਤਨ 10 ਡਾਲਰ ਪ੍ਰਤਿ ਦਿਨ ਦੀ ਮਾਪਿਆਂ ਦੀ ਫੀਸ ਦੀ ਪ੍ਰਾਪਤੀ ਕਰਨਾਂ ਸ਼ਾਮਲ ਹੈ।

# ਫੌਰੀ ਤੱਥ

- ਅਗਾਊਂ ਕਲੇਮ ਦੇਣਾ ਚਾਈਲਡ-ਕੇਅਰ ਫੈਸਿਲਿਟੀਆਂ, ਫੈਮਲੀ ਡੇਅ ਹੋਮ ਏਜੰਸੀਆਂ, ਪ੍ਰੀ-ਸਕੂਲਾਂ ਅਤੇ ਆਊਟ-ਆਫ-ਸਕੂਲ ਸੰਭਾਲ ਪ੍ਰਦਾਨਕਰਤਿਆਂ 'ਤੇ ਲਾਗੂ ਹੋਵੇਗਾ।
- ਯੋਗ ਬਣਦੇ ਚਾਈਲਡ-ਕੇਅਰ ਪ੍ਰਦਾਨਕਰਤਾ ਆਪਣੇ ਅਗਾਊਂ ਕਲੇਮ 1 ਮਾਰਚ 2024 ਨੂੰ, ਜਾਂ ਇਸਦੇ ਆਸਪਾਸ ਪ੍ਰਾਪਤ ਕਰ ਲੈਣਗੇ।

# ਸਬੰਧਤ ਜਾਣਕਾਰੀ

- ਅਫੋਰਡੇਬਿਲਿਟੀ ਗਰਾਂਟ
- ਕੈਨੇਡਾ-ਐਲਬਰਟਾ ਕੈਨੇਡਾ-ਵਾਈਡ ਅਰਲੀ ਲਰਨਿੰਗ ਐਂਡ ਚਾਈਲਡ ਕੇਅਰ ਐਗਰੀਮੈਂਟ
- ਚਾਈਲਡ-ਕੇਅਰ ਫੰਡਿੰਗ ਫੈਕਟ ਸ਼ੀਟ
- ਅਰਲੀ ਲਰਨਿੰਗ ਐਂਡ ਚਾਈਲਡ-ਕੇਅਰ ਵਿਜ਼ਨ

# ਮੀਡੀਆ ਇੰਨਕੁਆਰੀਆਂ


## Josh Aldrich

587-338-7509
ਪ੍ਰੈੱਸ ਸੈਕਰੇਟਰੀ, ਜੌਬਜ਼, ਇਕਾਨਮੀ ਐਂਡ ਟਰੇਡ